ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040109
Available online at: www.armaan.org.in
DOI: https://doi.org/10.64119/armaan.vol.4.issue1.09

# ਦੇਹ ਵਣ ਦੀ ਨਾਟ-ਧਾਰਾ: ਵਣਧਾਰਾ

# Deh Vann Di Nat-Dhara: Vandhara

**ਡਾ. ਚੰਦਰ ਪ੍ਰਕਾਸ਼ (Dr. Chander Parkash)**
ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ, ਪੀ ਜੀ ਪੰਜਾਬੀ ਵਿਭਾਗ (Asst. Professor & Head, P.G. Punjabi Dept.)
ਐਮ ਐਮ ਡੀ.ਡੀ ਏ ਵੀ ਕਾਲਜ, ਗਿੱਦੜਬਾਹਾ (ਪੰਜਾਬ)
Email ID: Chanderadeeb@gmail.com ਮੋਬਾਈਲ: +91-85281-00088

**ਸਾਰ (Abstract)**

*ਸਵਰਾਜਬੀਰ ਨੇ ਪੰਜਾਬੀ ਨਾਟਕ ਵਿੱਚ ਨਵਾਂ ਬੌਧਿਕ ਮੁਹਾਵਰਾ ਸਿਰਜਿਆ ਹੈ। ਇਤਿਹਾਸਕ, ਮਿਥਿਹਾਸਕ, ਧਾਰਮਿਕ ਅਤੇ ਸਿਆਸੀ ਵੇਰਵਿਆਂ ਦੀ ਗੁੱਝੀ ਸਮਝ ਉਨ੍ਹਾਂ ਦੀ ਨਾਟ-ਸਿਰਜਣਕਾਰੀ ਦਾ ਮੁੱਖ ਆਧਾਰ ਬਣਦੀ ਹੈ। ਇਹ ਪਹੁੰਚ ਪਾਠਕ ਅਤੇ ਦਰਸ਼ਕ ਦੀ ਸੂਝ ਵਿੱਚ ਵਾਧਾ ਕਰਦੀ ਹੈ, ਜਿਸ ਨਾਲ ਉਹ 'ਬੀਤੇ' ਬਾਰੇ ਚਿੰਤਨ ਕਰਦਾ ਹੋਇਆ 'ਹੁਣ' ਵੱਲ ਪਰਤਦਾ ਹੈ। ਇਸ ਪ੍ਰਕਿਰਿਆ ਰਾਹੀਂ ਪੈਦਾ ਹੋਈ ਦਿਮਾਗੀ ਹਲਚਲ ਮਨੁੱਖ ਨੂੰ 'ਗਿਆਨ ਦੀ ਭਾਲ' ਦੇ ਰਾਹ ਪੈਣ ਲਈ ਪ੍ਰੇਰਿਤ ਕਰਦੀ ਹੈ। ਨਾਟਕ 'ਵਣਧਾਰਾ' ਦਰਸ਼ਕ ਦੀ ਦਿਮਾਗੀ ਸਮਰੱਥਾ ਦਾ ਇਮਤਿਹਾਨ ਲੈਂਦੇ ਹੋਏ 'ਅਹਿਲਿਆ' ਨਾਲ ਜੁੜੇ ਬਿਰਤਾਂਤ ਨੂੰ ਨਵੀਂ ਤਰਤੀਬ ਪ੍ਰਦਾਨ ਕਰਦਾ ਹੈ। ਇਸ ਤਰਤੀਬਬੱਧਤਾ ਰਾਹੀਂ ਬਹੁਤ ਕੁਝ ਅਜਿਹਾ ਬਾਹਰ ਆਉਂਦਾ ਹੈ ਜੋ ਹੁਣ ਤੱਕ ਇਤਿਹਾਸ ਦੀਆਂ ਪਰਤਾਂ ਵਿੱਚ ਛੁਪਿਆ ਹੋਇਆ ਸੀ। ਨਾਰੀ-ਦੇਹ ਦੁਆਲੇ ਘੁੰਮਦੀ ਨਾਟ-ਕਥਾ ਦੀਆਂ ਬਾਰੀਕ ਤੰਦਾਂ ਰਾਹੀਂ ਸਮਾਜ, ਧਰਮ, ਪੁਰਸ਼ ਅਤੇ ਸਿਆਸਤ ਦੀਆਂ ਚਾਲਾਂ ਨੂੰ ਬੇਪਰਦ ਕੀਤਾ ਗਿਆ ਹੈ। ਨਤੀਜੇ ਵਜੋਂ ਸਦੀਆਂ ਤੋਂ ਖ਼ਾਮੋਸ਼ ਜ਼ੁਬਾਨ ਨੂੰ ਬੋਲ ਮਿਲੇ ਹਨ । ਪੰਜਾਬੀ ਨਾਟਕਕਾਰੀ ਨੂੰ ਨਵਾਂ ਨਾਟ-ਪ੍ਰਵਚਨ ਹਾਸਲ ਹੋਇਆ ਹੈ।*

*ਕੀਵਰਡ (Keyword): ਵਣਧਾਰਾ, ਧਰਮ, ਇਤਿਹਾਸ, ਮਿਥਿਹਾਸ, ਅਹਿਲਿਆ, ਗੌਤਮ, ਬ੍ਰਹਮ, ਨਾਰੀ, ਦੇਹ, ਨਾਟ-ਮੰਚ।*

ਭਾਰਤੀ ਗਿਆਨ ਪਰੰਪਰਾ ਵਿਚ ਧਰਮ, ਇਤਿਹਾਸ, ਮਿਥਿਹਾਸ, ਸਿਆਸਤ, ਔਰਤ ਆਦਿ ਬਾਰੇ ਘਣਾ ਕੁਝ ਲੁਕਿਆ ਪਿਆ ਹੈ। ਇਨ੍ਹਾਂ ਪਰਤਾਂ ਨੂੰ ਫਰੋਲਣਾ; ਖੋਲ੍ਹਣਾ ਲਾਜ਼ਮੀ ਵੀ ਹੁੰਦੈ। ਅਤੇ ਚੁਣੌਤੀ ਵੀ। ਚੁੱਪ ਪਈਆਂ ਸੈਨਤਾਂ ਦੀ ਸ਼ਨਾਖਤ ਕਰਕੇ ਰੁਬਰੂ ਕਰਵਾਉਣ ਨਾਲ; ਨਵ-ਸੰਵਾਦ ਨੂੰ ਹੁਲਾਰਾ ਮਿਲਦਾ ਹੈ। ਗਿਆਨ-ਜਾਣਕਾਰੀ ਦੇ ਰਾਹ ਖੁੱਲ੍ਹਦੇ ਨੇ। ਭਰਮ-ਭੁਲੇਖੇ ਟੁੱਟਦੇ ਹਨ। ਪੜ੍ਹਨ, ਸੁਣਨ, ਵੇਖਣ ਵੇਲੇ ਮਨ 'ਚ ਤਰੇੜ ਪੈਂਦੀ ਹੈ; ਤਾਂ ਨਵਾਂ ਵਾਪਰਦਾ ਹੈ। ਵਿਰਲੇ ਸਿਰਜਕ ਹੀ ਇਹ ਰਾਹ ਪਾਉਂਦੇ ਹਨ। ਸਵਰਾਜਬੀਰ ਆਪਣੀ ਬੌਧਿਕ ਪ੍ਰਤਿਭਾ ਨਾਲ ਪੰਜਾਬੀ ਨਾਟਕ ਵਿੱਚ 'ਨਵਾਂ' ਜੋੜਦਾ ਹੈ। ਧਰਮ, ਇਤਿਹਾਸ, ਮਿਥਿਹਾਸ 'ਚੋਂ ਨਾਟ-ਸਮੱਗਰੀ ਭਾਲ ਕੇ ਤਿਆਰ ਕੀਤੀ ਨਾਟ-ਰਚਨਾ; ਪਾਠਕ-ਦਰਸ਼ਕ ਨੂੰ ਮੁੜ ਪੜ੍ਹਨੇ ਪਾਉਂਦੀ ਹੈ। ਧਰਮ ਗੁਰੂ, ਕ੍ਰਿਸ਼ਨ, ਮੇਦਨੀ, ਸ਼ਾਇਰੀ, ਅਗਨੀ ਕੁੰਡ ਨਾਟਕ ਗਵਾਹ ਬਣੇ ਹਨ। ਇਹ ਸਿਧਾਤਕੀ 'ਵਣਧਾਰਾ' ਨਾਲ ਅਗਲੀ ਕੜੀ ਵਿਚ ਦਾਖ਼ਲ ਹੋਈ ਹੈ। ਇਸ ਵਿਚ'ਅਹਿਲਿਆ' ਦੇ ਜੀਵਨ-ਪ੍ਰਸੰਗ ਨਾਲ ਉਪਲੱਬਧ ਬਿਰਤਾਂਤ-ਸਰੋਤਾਂ ਨੂੰ ਤਰਤੀਬੱਧ ਕਰਕੇ ਨਵੀਂ ਨਾਟ- ਸ਼ਕਲ ਦਿੱਤੀ ਗਈ ਹੈ। ਨਿਆਰੇਪਣ ਦਾ ਸੰਕੇਤ ਮੁੱਢਲੇ ਨਟ-ਨਟੀ ਬੋਲ ਵਿਚ ਹੀ ਕਰ ਦਿੱਤਾ ਹੈ:- *ਨਮੋਂ, ਅਣਲਿਖੇ ਨੂੰ/ਨਮਨ ਕਰੇ ਹਰ ਨਰ, ਨਮਨ ਕਰੇ ਹਰ ਨਾਰੀ/ਬੋਲਾਂ ਦੇ ਸਰ ਵਿਚ, ਲਾਈਏ ਤਾਰੀ/ਸੁਣਾਈਏ, ਸੁਣਾਈਏ ਗਾਥਾ ਨਿਆਰੀ।*[1]

ਰਿਸ਼ਤਿਆਂ ਦੀ ਬਣਤਰਸਾਜ਼ੀ ਵਿਚ ਉਲਝੀ ਖ਼ੂਬਸੂਰਤ ਅਹਿਲਿਆ 'ਦੇਹ ਦੇ ਵਣ 'ਚ ਵਹਿੰਦੀ' ਹੈ। ਅਤੇ ਆਪਣੀ ਕਹਾਣੀ ਆਪ ਕਹਿਣ ਲਈ 'ਸਮਾਜ ਫਰੇਮ' ਵਿਚੋਂ ਬਾਹਰ ਆਉਂਦੀ ਹੈ। 'ਸਮਾਜੀ ਘੁਣਤਰਾਂ' ਦੀ ਲੜੀ ਤਿਆਰ ਕਰਦੇ ਹੋਏ ਸਮਝਣ ਦਾ ਹੀਲਾ ਕਰਦੇ ਹਾਂ:-

## ਗਿਆਨ 'ਤੇ ਕਾਬਜ਼ : ਧਰਮ-ਤੰਤਰ

ਭਾਰਤੀ ਸਮਾਜ-ਸਭਿਆਚਾਰ ਦੇ ਘੇਰੇ ਵਿਚ ਬਹੁਭਾਂਤੀ ਧਰਮ-ਪ੍ਰਸੰਗ ਕਾਰਜਸ਼ੀਲ ਰਹਿੰਦੇ ਹਨ। ਇਹ ਪ੍ਰਸੰਗ ਗਿਆਨ ਨੂੰ ਵੀ ਨਿਯੰਤ੍ਰਿਤ ਕਰਦੇ ਹਨ। ਸ਼ਬਦ, ਕਥਾ, ਮਿੱਥ, ਸਭਿਆਚਾਰ ਆਦਿ ਅੰਦਰ ਸਮੇਂ ਦੀਆਂ ਧੁਨੀਆਂ ਵੀ ਸਮਾਈਆਂ ਹੁੰਦੀਆਂ ਹਨ। ਪਰ ਜਦ ਧਰਮ ਜੀਵਨ 'ਚ ਦਖ਼ਲ ਦੇ ਕੇ ਇਨ੍ਹਾਂ ਨੂੰ ਆਪਣੇ ਅਨੁਸਾਰ ਮਨਾਉਣ ਦੀ ਜਿੱਦ ਕਰਦਾ ਹੈ ਤਾਂ ਤੱਥ-ਸੱਚ ਦਾ ਪਾੜ ਵੱਧਦਾ ਜਾਂਦਾ ਹੈ। 'ਲੋਕ' ਅਤੇ 'ਸ਼ਾਸਤਰ' ਦੀ ਦੂਰੀ ਬਣਨ ਕਾਰਣ 'ਮਨਇਛੱਤ ਅਤੇ ਅਣਇਛੱਤ' ਵਾਪਰਨਾ ਤੈਅ ਹੈ। ਪਾਪ-ਪੁੰਨ, ਸ਼ੁੱਧ-ਅਸ਼ੁੱਧ, ਜਾਇਜ਼-ਨਜਾਇਜ਼, ਉਚ-ਨੀਚ, ਪੇਂਡੂ-ਸ਼ਹਿਰੀ ਆਦਿ ਵਿਰੋਧਾਤਮਕ ਰੂਪ-ਰੇਖਾ ਦੀਆਂ ਬਾਰੀਕ ਘੁੰਡੀਆਂ ਦੀ ਗੰਢ ਬੱਝੀ ਰਹਿੰਦੀ ਹੈ। ਧਰਮ 'ਲੋਕ ਪ੍ਰਵਾਨਗੀ' ਲਈ ਆਪਣੇ ਸੂਤਰ ਘੜਦਾ ਹੈ। ਅਹਿਲਿਆ ਬਾਰੇ ਪ੍ਰਾਪਤ ਬਿਰਤਾਂਤਾਂ ਅਨੁਸਾਰ, ਅਹਿਲਿਆ ਦੇਵਤਾ ਬ੍ਰਹਮ ਦੁਆਰਾ ਸਿਰਜਤ ਪਹਿਲੀ ਖ਼ੂਬਸੂਰਤ ਔਰਤ ਸੀ, ਜਿਸ ਨੂੰ ਗੌਤਮ ਰਿਸ਼ੀ ਕੋਲ ਸੌਂਪਿਆ ਗਿਆ; ਜੋ ਪਿਤਾ ਦੀ ਭੂਮਿਕਾ ਵੱਜੋਂ ਹਾਜ਼ਰ ਰਹਿੰਦਾ ਹੈ। ਫਿਰ ਪਿਤਾ ਤੋਂ ਪਤੀ ਬਣਨ ਵਾਲੀ ਕਥਾ ਵੀ ਮਿਲਦੀ ਹੈ। ਰਾਮਾਇਣ ਦੇ ਪਹਿਲੀ ਕਥਾ ਵਿਚ ਇੰਦਰ ਅਤੇ ਅਹਿਲਿਆ ਦਾ ਮਿਲਾਪ ਇਕ ਦੂਜੇ ਦੀ ਸਹਿਮਤੀ ਹੈ; ਜਦੋਂ ਕਿ ਅਗਲੇ ਵਿਚ ਇੰਦਰ ਬਲਾਤਕਾਰੀ ਅਖਵਾਉਂਦਾ ਹੈ। ਚਰਿੱਤਰਹੀਣਤਾ ਅਤੇ ਪਹਿਲੀ ਔਰਤ ਦੀ ਸੰਬੰਧਕਾਰੀ ਮਨੁੱਖ ਅਤੇ ਦੇਵਤਿਆਂ ਦੇ ਰਿਸ਼ਤੇ ਪ੍ਰਬੰਧ ਨੂੰ ਵੀ ਮੁਖ਼ਾਤਬ ਹੈ।

ਬਾਲਕਾਂਡ, ਉਤਰਕਾਂਡ ਭਿੰਨ ਹਨ।

ਅਹਿਲਿਆ ਦੇ ਸ਼ਾਬਦਿਕ ਅਰਥ ਹਨ- "ਜਿਸ ਨਾਰੀ ਵਿਚ ਕੁਝ ਵੀ ਹਲਯ (ਭਾਵ ਕੁਝ ਵੀ ਨਿੰਦਣਯੋਗ) ਨਾ ਹੋਵੇ।' *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦੀ ਪਹਿਲੀ ਜਿਲਦ ਵਿਚ ਅਹਿਲਿਆ ਸ਼ਬਦ ਦੇ ਅਰਥ 'ਨਾ ਵਾਹੀ ਗਈ ਭੂਮੀ' ਨਾਲ ਕੀਤੇ ਗਏ ਹਨ। ਇੰਦਰ ਨੂੰ ਸੂਰਜ, ਅਹਿਲਿਆ ਨੂੰ ਰਾਤ ਅਤੇ ਗੌਤਮ, ਚੰਨ ਦਾ ਪ੍ਰਤੀਕ ਹੈ। ਪੰਜਾਬੀ ਸਭਿਆਚਾਰ, ਲੋਕ ਕਥਾ ਵਿਚ ਕੁੱਕੜ ਦੀ ਬਾਂਗ, ਇਸ਼ਨਾਨ ਆਦਿ ਨਾਲ ਇੰਦਰ ਦੀ ਕਥਾ ਗੁੰਦੀ ਜਾਂਦੀ ਹੈ।"* [2] ਨਾਟ-ਸਿਰਜਕ ਦੀ ਟਿੱਪਣੀ ਬੜੀ ਮੁੱਲਵਾਨ ਹੈ:- *"ਜਿਸ ਮਨੁੱਖੀ ਕਰਮ ਨੂੰ ਚਰਿਤਰਹੀਣਤਾ ਕਿਹਾ ਜਾ ਰਿਹਾ ਹੈ, ਉਸ ਦਾ ਧਰਤੀ ਦੀ ਪਹਿਲੀ ਨਾਰੀ ਨਾਲ ਜੁੜਿਆ ਹੋਣਾ, ਜਟਿਲ ਅਰਥਾਂ ਦਾ ਲਖਾਇਕ ਹੈ। ਚਰਿੱਤਰਹੀਣਤਾ ਦਾ ਸੰਕਲਪ ਮਨੁੱਖੀ ਇਤਿਹਾਸ ਵਿਚ ਬਹੁਤ ਬਾਅਦ ਵਿਚ ਪੈਦਾ ਹੋਇਆ।"* [3] ਕਥਾਸਰਿਤਾਸਾਗਰ ਮੁਤਾਬਕ ਅਹਿਲਿਆ ਦੇ ਸਰੀਰਕ ਮਿਲਾਪ ਬਾਅਦ ਇੰਦਰ ਲੁਕ ਕੇ ਬਿੱਲੇ ਦਾ ਰੂਪ ਧਾਰਦਾ ਹੈ; ਅਤੇ ਅਹਿਲਿਆ ਝੂਠ ਬੋਲ ਪਤੀ ਤੋਂ ਬਚਾਉਣ ਦਾ ਯਤਨ ਕਰਦੀ ਹੈ। ਕਥਾਵਾਂ ਬਦਲਦੀਆਂ ਨੇ; ਇੰਦਰ ਛਲ ਕਪਟੀ ਬਣਦਾ ਹੈ; ਅਹਲਿਆ ਅਣਭੋਲਪੁਣੇ ਨੂੰ ਮਾਨਤਾ ਦਿੰਦੀ ਹੈ; ਵਣ-ਤ੍ਰਿਣ 'ਚ ਸਜ਼ਾ ਭੋਗਣਾ, ਸਰਾਪ ਮਿਲਣਾ; ਦਸ਼ਰਥ ਪੁੱਤਰਾਂ ਵੱਲੋਂ ਪਾਪ ਮੁਕਤ ਕਰਨਾ ਆਦਿ- ਆਦਿ ਵੇਰਵਿਆਂ ਨਾਲ਼ ਕਥਾ ਵਿਚ ਚਿੱਬ ਪੈਂਦਾ ਹੈ। ਹਰ ਕਥਾ ਅਪੂਰਨ ਹੈ; ਪੂਰਨ ਦਾ ਦਾਅਵਾ ਕਰਦੀ ਹੋਈ। ਕਥਾਵਾਂ ਕਹਿਣ ਦਾ ਹੱਕ ਸੰਸਕ੍ਰਿਤ ਜ਼ੁਬਾਨ 'ਚ ਹੋਣਾ; ਵਿਦਵਾਨਾਂ ਦਾ ਧਰਮ- ਭਾਸ਼ਾ 'ਤੇ ਕਬਜ਼ਾ 'ਸੱਚ' ਨੂੰ ਪਰਿਭਾਸ਼ਤ ਕਰਦਾ ਹੈ; ਖਾਮੋਸ਼ ਜ਼ੁਬਾਨ ਆਵਾਜ਼ ਤੋਂ ਵਾਂਝੀ ਰਹਿੰਦੀ ਹੈ। ਇਹ ਨਾਟ-ਸੰਵਾਦ ਪੜ੍ਹੋ: *"ਤੀਵੀਂਆਂ ਦੀਆਂ ਸੁਣਾਈਆਂ ਕਹਾਣੀਆਂ ਰਾਤ ਦੀ ਗੋਦ ਵਿਚ ਸੌਂ ਜਾਂਦੀਆਂ ਨੇ। ਮਰਦਾਂ ਦੀਆਂ ਘੜੀਆਂ ਕਥਾਵਾਂ ਦਿਨ ਦੇ ਉਜਾਲੇ ਵਿਚ ਚਮਕਦੀਆਂ ਨੇ... ਸਦੀਆਂ ਦੀਆਂ ਸਦੀਆਂ ਜਿਉਂਦੀਆਂ ਰਹਿੰਦੀਆਂ ਨੇ।"* [4] ਰਿਸ਼ੀ ਗੌਤਮ ਵੇਦ ਗਿਆਤਾ, ਗਣਿਤ ਸ਼ਾਸਤਰੀ, ਅਹਿਲਿਆ ਨੂੰ ਸਿੱਖਿਆ ਦੀਖਿਆ ਦੇਣ ਵਾਲਾ ਗੁਰੂ, ਵੱਡਾ ਗੁਣੀ ਗਿਆਨੀ ਹੈ। ਮਹਾਂਗਿਆਨੀ ਵਡੇਰੀ ਉਮਰ ਦਾ ਹੈ; ਪਿਤਾ ਵੀ। ਅਤੇ ਪਤੀ ਵੀ। ਪੁਰਸ਼ ਸੱਤਾ, ਵਰਣ ਵਿਵਸਥਾ, ਧਰਮ ਆਦਿ ਦੇ ਅਧਿਕਾਰੀ ਸਮੇਤ। ਉਹ ਧਾਰਮਕ ਨੈਤਿਕਤਾ ਦੀ ਕੰਡਿਆਲੀ ਵਾੜ ਵਲ਼ ਕੇ ਦਬੈਲ ਬਣਾਉਂਦਾ ਹੈ। *"ਨੇਕ ਪਤਨੀਆਂ ਪ੍ਰਸ਼ਨ ਨਹੀਂ ਪੁੱਛਦੀਆਂ"* [5] ਕਹਿ ਸਵਾਲ ਪੁੱਛਣ 'ਤੇ ਰੋਕ ਲਾਉਂਦਾ ਹੈ। ਅਤੇ ਇਥੇ ਗਿਆਨਪੂਰਨ ਜਾਣਨਾ ਇਹ ਵੀ ਜ਼ਰੂਰੀ ਹੈ ਕਿ ਬ੍ਰਹਮਾ ਹੀ ਨਿਆਣੀ ਅਹਿਲਿਆ ਨੂੰ ਇਸ ਯੋਗ ਬਣਾਉਣ ਲਈ ਪ੍ਰੇਰਿਤ ਕਰਦਾ ਹੈ: *"ਗਿਆਨ ਜੀਵਨ ਦਾ ਆਧਾਰ ਹੈ। ਵਿਦਿਆ ਤੇ ਗਿਆਨ ਸੁੰਦਰਤਾ ਨੂੰ ਚਾਰ ਚੰਨ ਲਾ ਦਿੰਦੇ ਨੇ।"* [6] ਇਉਂ ਇਹ "ਗਿਆਨ ਅਤੇ ਰੂਪ ਦੀ ਪੂੰਜੀ" ਨੂੰ ਗੌਤਮ ਰਿਸ਼ੀ ਅੱਗੇ ਸਮਰਪਿਤ ਹੋਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। *"ਦੂਜੇ ਬੰਨੇ ਇੰਦਰ ਜਵਾਨ ਅਹਿਲਿਆ ਨੂੰ "ਸਾਰੇ ਵਣਾਂ ਵਿਚ ਤੇਰੇ ਰੂਪ ਤੇ ਗਿਆਨ ਦੇ ਚਰਚੇ ਕਹਿ"* [7] ਵਡਿਆਉਂਦਾ ਹੈ; ਭਰਮਾਉਂਦਾ ਹੈ। ਨਾਟਕ ਬਾਲਪਣ, ਜਵਾਨ ਅਤੇ ਪਥਰਾਈ ਅਹਿਲਿਆ ਦਾ ਨਾਟ-ਬਿੰਬ ਉਸਾਰ ਕੇ ਧਰਮਤੰਤਰੀ ਸਮਾਜ ਦੀ ਕਾਬਜ਼ ਵਿਵਸਥਾ ਨੂੰ ਪਰਦਿਉਂ ਬਾਹਰ ਲਿਆਉਂਦਾ ਹੈ। ਧਾਕੜ ਤਰਕ ਨਾਲ਼। ਗਿਆਨ ਨੂੰ ਗਿਆਨ ਨਾਲ਼ ਟਕਰਾ। ਇੱਕੀ ਤੱਕ ਪਹਾੜੇ ਯਾਦ ਰੱਖਣ ਵਾਲੀ ਨੂੰ ਰਾਸ਼ੀਚਕ੍ਰ ਦੀ ਵੀ ਸੋਝੀ ਹੈ। ਗਣਿਤ, ਖਗੋਲ, ਭੂਗੋਲ ਆਦਿ ਦੀ ਪੜ੍ਹਾਈ ਅਗਲੀ ਗੱਲ।

## ਦੇਹ 'ਤੇ ਕਾਬਜ਼: ਪੁਰਸ਼- ਤੰਤਰ

ਸ਼ਬਦ ਦੀਆਂ ਮਾਤਰਾਵਾਂ ਬਦਲਣ ਨਾਲ ਰਿਸ਼ਤਿਆਂ ਵਿਚ ਢੇਰ ਫ਼ਰਕ ਪੈ ਜਾਂਦਾ ਹੈ। ਗੌਤਮ ਪਿਉ ਤੋਂ ਪਤੀ ਬਣਨ ਦੇ ਆਦੇਸ਼ ਦਾ ਪਾਲਣ ਕਰਦਾ ਹੈ। ਹੁਕਮ ਵੇਲੇ ਵਣ 'ਚ ਹਵਾ ਰੁਕਦੀ ਹੈ: ਪੰਛੀ ਚੁੱਪ ਹੁੰਦੇ ਹਨ। ਨਿਆਣੀ , ਜਵਾਨ ਅਹਿਲਿਆ ਦੇ ਖ਼ਿਆਲ ਰੱਖਣ ਦੇ ਮਾਪਦੰਡ ਵੱਖਰੇ ਹਨ। ਪਰ-ਪੁਰਸ ਦੀ ਸੰਗਤ ਮਾਣਨ ਦਾ ਪਤਾ ਲੱਗਣ 'ਤੇ ਅੰਦਰਲਾ ਬੰਦਾ ਜਾਗ ਉੱਠਦਾ ਹੈ: *"ਮੈਂ ਤੇਰਾ ਪਤੀ ਹਾਂ...ਇਸ ਸ੍ਰਿਸ਼ਟੀ ਵਿਚ ਤੇਰੇ ਲਈ ਇਕੋ-ਇਕ ਪੁਰਸ਼!... ਸਭ ਤੋਂ ਸੁੰਦਰ, ਸਭ ਤੋਂ ਉੱਤਮ , ਇਕੋ-ਇਕ ਪੁਰਸ਼ ਹੈ ਤੇਰਾ ਪਤੀ! ਮੈਂ, ਰਿਸ਼ੀ ਗੌਤਮ!! ਕਿਸੇ ਦੂਸਰੇ ਪੁਰਸ਼ ਵੱਲ ਝਾਕਣਾ.. ਉਹਨੂੰ ਚਾਹੁਣਾ... ਇਹ ਪਾਪ ਹੈ!"* [8] ਉਹ ਉਸਨੂੰ ਸਵਾਮੀ ਜਾਂ ਗੌਤਮ ਕਹਿ ਸੰਬੋਧਤ ਕਰਨ ਲਈ ਵੀ ਪ੍ਰੇਰਦਾ ਹੈ। ਪਥਰਾਈ ਅਹਿਲਿਆ ਉਤਰਕਾਂਡ ਦੇ ਕਵੀ ਵੱਲੋਂ ਲਿਖੇ ਇਨ੍ਹਾਂ ਬੋਲਾਂ *"ਬ੍ਰਹਮਾ ਨੇ ਸੁੰਦਰ ਅਹਿਲਿਆ ਗੌਤਮ ਨੂੰ ਦੇ ਦਿੱਤੀ ਤਾਂ ਇੰਦਰ ਨੂੰ ਬਹੁਤ ਗੁੱਸਾ ਆਇਆ"* ਦਾ ਜਵਾਬ ਕਰੜੇ ਸ਼ਬਦਾਂ ਵਿੱਚ ਦਿੰਦੀ ਹੈ: *"ਕੀ ਮੈਂ ਕੋਈ ਗਊ ਜਾਂ ਮੱਝ ਸਾਂ ਕਿ ਇੰਦਰ ਨੂੰ ਨਾ ਦਿੱਤੀ ਤੇ ਗੌਤਮ ਨੂੰ ਦੇ ਦਿੱਤੀ।"* [9] ਗੌਰਯੋਗ ਹੈ। ਨਾਰੀ ਦੇਹ ਨੂੰ ਵਸਤ ਵਾਂਗ ਇਸਤੇਮਾਲ ਕਰਨ ਦੀ ਪ੍ਰਵਿਰਤੀ-ਪ੍ਰਕਿਰਤੀ ਸਮਾਜ ਨੂੰ ਕਲੰਕਿਤ ਕਰਦੀ ਹੈ। ਨਾਟਕ ਵਿਚ ਕਥਾਸਰਿਤਸਾਗਰ ਦੇ ਸਿਰਜਕ ਮੰਨੇ ਜਾਣ ਵਾਲੇ ਮਹਾਂਕਵੀ ਸੋਮਦੇਵ ਭੱਟ ਦਾ ਮਤ ਇਹੋ ਜਿਹਾ ਹੀ ਨਜ਼ਰ ਆਉਂਦਾ ਹੈ : *"ਮੈਂ ਨਾਰੀ ਨੂੰ ਓਥੇ ਰੱਖਿਆ ਜਿੱਥੇ ਰੱਖਣਾ ਚਾਹੀਦੈ ..ਜੁੱਤੀ ਦੇ ਹੇਠਾਂ। ਮੈਂ ਲੋਕਾਂ ਨੂੰ ਦੱਸਿਆ ਕਿ ਇਹ ਨਾਰੀਆਂ ਚੰਚਲ ਹਾਰੀਆਂ ਕਾਮ ਦੀਆਂ ਹਿਰਸੀਆਂ ਰੰਨਾ ਨੇ। ਤਰ੍ਹਾਂ ਤਰ੍ਹਾਂ ਦੇ ਚਲਿੱਤਰ ਕਰਕੇ ਪੁਰਸ਼ਾਂ ਨੂੰ ਧੋਖਾ ਦਿੰਦੀਆਂ ਨੇ। ਫਰੇਬ ਕਰਦੀਆਂ ਨੇ। ਪੁਰਸ਼ਾਂ ਨੂੰ ਚਾਹੀਦੈ.. ਹੁਸ਼ਿਆਰ ਰਹਿਣ... ਇਹਨਾਂ ਨੂੰ ਸੰਭਾਲ ਕੇ ਰੱਖਣ.. ਪੁਰਸ਼ ਦੇ ਬਣਾਏ ਨੇਮਾਂ ਹੇਠਾਂ ਦਬਾ ਕੇ ਰੱਖਣ। ਤੇ ਜਿਹੜੀ ਨਾਰੀ ਪੁਰਸ਼-ਨੇਮ ਨੂੰ ਤੋੜੇਗੀ ਉਹ ਸੈਲ ਪੱਥਰ ਬਣਾ ਦਿੱਤੀ ਜਾਏਗੀ।"* [10] ਇਸ ਸੰਵਾਦ ਨੇ ਸ਼ਾਸਤਰੀ ਵਿਚਾਰਾਂ ਦੀ ਪਰਤ ਨੂੰ ਉਧੇੜਿਆ ਹੈ। ਦੈਹਿਕਤਾ ਦੀ ਜੈਵਿਕ ਹੋਂਦ ਨੂੰ ਸਰਲ ਵਰਤੋਂਯੋਗ ਤੱਕ ਸੀਮਤ ਕਰਨਾ; ਵਖਰੇਵੇਂ ਦਾ ਸੂਚਕ ਹੈ। ਭੋਗਣਹਾਰ ਵਸਤੂ ਨੂੰ ਹਿੰਸਾ'ਚ ਬਦਲਣਾ ਹੋਰ ਵੀ ਘਿਨੌਣਾ ਕਾਰਜ। ਬਾਲ ਕਾਂਡ ਤੋਂ ਉਤਰ ਕਾਂਡ ਤੱਕ ਆਉਂਦਿਆਂ ਪਾਲਣ ਬਨਾਮ ਭੋਗਣ ਦੀ ਮਨੋਦਸ਼ਾ ਵੀ ਪਤਾ ਲੱਗਣ ਲੱਗਦੀ ਹੈ। ਇਸ ਅਸਹਿ ਪੀੜ ਨੂੰ ਸਮਝਣ ਲਈ ਮਨੋਵਿਗਿਆਨਕ ਸੂਝ ਚਾਹੀਦੀ ਹੈ। ਜਿਵੇਂ: *"ਇਹ ਪਹਿਲੀ ਪਹਿਲੀ ਪੀੜ ਹੈ/ ਦੇਹੀ ਨੂੰ ਗਈ ਚੀਰ ਹੈ/ਲਹੂ ਵਗਿਆ ਜਿਵੇਂ ਨੀਰ ਹੈ।"* [11] ਜੀਵਨ ਅਵਸਥਾਵਾਂ ਅਨੁਕੂਲ ਦੇਹ ਦੀ ਨਾਟ-ਧਾਰਾ ਵਹਿੰਦੀ ਰਹਿੰਦੀ ਹੈ। 'ਕੰਨਿਆ ਪਿਤਾ ਦੀ ਸੰਪਤੀ ਹੈ" ਫਿਕਰਾ ਵੀ ਮਾਨਵੀ ਅਸਮਾਨਤਾ ਦੀ ਦੱਸ ਪਾਉਂਦਾ ਹੈ। ਮਰਦਾਵਾਂ ਕਦਰ ਪ੍ਰਬੰਧ ਪਾਪ-ਮੁਕਤ ਕਰਨਾ ਵੀ ਜਾਣਦੈ।

## ਮੁਹੱਬਤ 'ਤੇ ਕਾਬਜ਼: ਸਮਾਜ-ਤੰਤਰ

ਮੁਹੱਬਤ; ਬਰਾਬਰਤਾ ਦੀ ਖੋਜ ਦਾ ਨਾਂ ਹੈ। ਸੁਖਦ ਅਹਿਸਾਸ। ਰਮਾਇਣ ਦੀ ਪਹਿਲੀ ਕਥਾ ਵਿਚ ਅਹਿਲਿਆ ਅਤੇ ਇੰਦਰ ਦਾ ਮਿਲਣ ਮੁਹੱਬਤੀ ਹੈ; ਪਰ ਪੁਰਸ਼-ਤੰਤਰੀ ਵਿਧਾਨ ਵਿਚ ਅਸਵੀਕਾਰਯੋਗ। ਨਿੰਦਣਯੋਗ। ਭੰਡਣਯੋਗ।

ਸਜ਼ਾਯੋਗ। ਅਤੇ ਪਾਪਯੋਗ ਵੀ। ਸਮਾਜ ਨੂੰ ਚੇਤੰਨ ਕਰਨ ਲਈ ਮੁਹੱਬਤ ਨੂੰ ਠੁਕਰਾਇਆ ਵੀ ਜਾਂਦਾ ਹੈ। ਜਦੋਂ ਕਿ ਮੁਹੱਬਤ ਨੇਮ ਤੋਂ ਪਹਿਲਾਂ ਦਾ ਨੇਮ ਹੈ। ਨਿਰਦੇਸ਼ ਰਹਿਤ। ਜੀਵਨ ਹੋਂਦ ਦੇ ਸਰੋਤ ਦਾ ਆਧਾਰ। ਮੁਹੱਬਤ ਕਾਮਨਾ ਵੀ ਹੈ। ਅਨੰਦ ਵੀ। ਮਨੁੱਖ ਮੁਹੱਬਤੀ ਪ੍ਰਵਚਨ ਨੂੰ ਦਿਲ ਤੋਂ ਲੈ ਕੇ ਵਜੂਦ ਤੱਕ ਜੀਉਂਦਾ ਹੈ। ਡਾ ਜਗਜੀਤ ਸਿੰਘ ਲਿਖਦੇ ਹਨ: *"ਮੁਹੱਬਤ ਦਾ ਪ੍ਰਵਚਨ ਤਾਂ ਮਨੁੱਖ ਦੀ ਦੇਹ ਵਿਚ ਜਗਦਾ ਦੀਵਾ ਹੈ।"*[12] ਵਿਸ਼ਵਾਮਿੱਤਰ ਵਰਗੇ ਬੁੱਧੀਮਾਨ ਮੁਹੱਬਤ ਦੀ ਅਹਿਮੀਅਤ ਵੱਲ ਸੰਕੇਤ ਕਰਦੇ ਹੋਏ ਇਸ ਨੂੰ ਜੈਵਿਕ ਅਤੇ ਪ੍ਰਕਿਰਤਕ ਰੂਪ ਵਿਚ ਤੱਕਦੇ ਹਨ। ਜਿਵੇਂ:- *"ਪੁਰਸ਼ ਨੂੰ ਚਾਹੁਣਾ ਨਾਰੀ ਦੀ ਪ੍ਰਕ੍ਰਿਤੀ/ਪੁਰਸ਼ ਵੀ ਏਦਾਂ ਹੀ ਕਰਦੇ/ਅਹਿਲਿਆ ਵੱਲ ਤੱਕੋ/ਕਿੰਨਾ ਉਜਲਾ ਹੈ ਮੁਖ ਓਸਦਾ/ਕਿੰਨੇ ਸੋਹਣੇ ਨੇ ਨੈਣ ਉਹਦੇ।"* [13] ਇਹ ਬੋਲ ਪੁਰਸ਼ ਤੰਤਰ ਅਤੇ ਧਰਮ ਤੰਤਰ ਤੋਂ ਮੁਕਤ ਹਨ। ਪਰ ਸਮਾਜਕ ਪ੍ਰਬੰਧ ਮੁਹੱਬਤ ਵਿਚ ਵੰਡੀ ਪਾਉਂਦੇ ਹੋਏ ਪਹਿਲ-ਦੂਜ, ਨਿਰਭਰ-ਪਰ ਨਿਰਭਰ, ਵੱਡੇ-ਛੋਟੇ ਟੋਟੇ ਕਰਦਾ ਹੈ। ਅਹਿਲਿਆ ਅਤੇ ਗੌਤਮ ਰਿਸ਼ੀ ਦੇ ਰਿਸ਼ਤੇ ਗੁਰੂ-ਸ਼ਿਸ, ਪਿਉ-ਧੀ, ਪਤੀ-ਪਤਨੀ, ਮਾਲਕ-ਅਧੀਨ ਵਾਲੇ ਰਹੇ ਹਨ। ਇਸ ਚੋਂ ਮੁਹੱਬਤ ਗਾਇਬ ਹੈ। ਇਸ ਲਈ ਤਾਂ ਉਹ ਉਸਦੀ ਦੈਹਿਕ ਸੁੰਦਰਤਾ: "ਕਿੰਨਾ ਸੁਭਾਗਾ ਹੋਏਗਾ ਉਹ ਨਰ, ਜਿਸ ਦੀ ਤੂੰ ਪਤਨੀ ਬਣੇਂਗੀ" ਤੱਕ ਸੀਮਤ ਹੈ। ਮੁਹੱਬਤ, ਬੇਮੇਚ ਨੂੰ ਨਾਪਸੰਦ ਕਰਦੀ ਹੈ।

ਦੂਸਰੇ ਪਾਸੇ ਜਦ ਯਾਮਿਨੀ ਅਹਿਲਿਆ ਨੂੰ ਇੰਦਰ ਦੇ ਸਾਹਸੀ, ਬਲਵਾਨ, ਸ਼ਕਤੀਸ਼ਾਲੀ, ਸੁੰਦਰ ਹੋਣ ਦੀ ਦੱਸ ਪਾਉਂਦੀ ਹੈ ਤਾਂ ਉਸਦੇ ਅੰਗਾਂ ਵਿਚ ਮਸਤੀ ਭਰ ਜਾਂਦੀ ਹੈ। ਕਾਮਨਾਮਈ ਹੋਈ ਇੰਦਰ ਨਾਲ ਸੰਗ ਕਰਨ ਬਾਅਦ ਸੰਤੁਸ਼ਟੀ ਦਾ ਪ੍ਰਗਟਾਵਾ ਇਉਂ ਕਰਦੀ ਹੈ: *"ਤੇ ਇੰਦਰ ਨੇ ਜਗਾਈਆਂ ਸੁੱਤੀਆਂ ਤਰਬਾਂ, ਤਰੰਗਾਂ/.. ਤੇ ਮੈਨੂੰ ਪਤਾ ਲੱਗਿਆ/ਕੀ ਹੁੰਦੀ ਹੈ ਕੰਨਿਆ।"* [14] ਪਥਰਾਈ ਅਹਿਲਿਆ ਦਾ ਇਹ ਸੰਵਾਦ ਨਾਰੀ ਦੀ ਸਮਾਜਕ-ਮਨੋਵਿਗਿਆਨਕ ਸਥਿਤੀ ਨੂੰ ਉਜਾਗਰ ਕਰਦਾ ਹੈ। ਨਰ, ਨਾਰੀ ਦੀ ਸੰਵੇਦਨਾਤਮਕਤਾ ਨੂੰ ਮੁਹੱਬਤੀ ਬੋਲ ਨਾਲ ਸਹਾਰਾ ਦਿੰਦਾ ਹੈ ਤਾਂ ਉਹ ਖਿੜਖਿੜਾ ਉੱਠਦੀ ਹੈ। ਕੰਨਿਆ ਦੀ ਇਹ ਖੁਸ਼ੀ ਸਮਾਜਕ ਨੇਮ ਦੇ ਉਲਟ ਹੈ। ਵਿਆਹੀ ਔਰਤ ਵੱਲੋਂ ਕੀਤਾ ਪ੍ਰੇਮ ਮਾਨਵੀ ਧ੍ਰੋਹ ਹੈ ਅਤੇ ਬ੍ਰਾਹਮਣ ਨਾਲ ਧ੍ਰੋਹ ਰੱਬੀ ਅਵੱਗਿਆ। ਇੰਦਰ ਦੁਸ਼ਟ ਬਣਦਾ ਹੈ। ਉਸਦੇ ਕਾਮ ਅੰਗ, ਫੋਤੇ ਝੜਦੇ ਹਨ। ਅਹਿਲਿਆ ਪਰਮ ਸੁੰਦਰੀ ਹੋਣ ਦੇ ਅਧਿਕਾਰ ਤੋਂ ਵਾਂਝੀ ਹੋ ਕੇ ਆਸ਼ਰਮ ਅੰਦਰ ਕੰਦ-ਮੂਲ ਖਾ ਕੇ ਪ੍ਰਾਣਹੀਣ ਜ਼ਿੰਦਗੀ ਦੀ ਸਜ਼ਾ ਕੱਟਦੀ ਹੈ। ਰਾਮ ਚੰਦਰ ਅਤੇ ਲਛਮਣ ਵਣ ਵਿਚ ਆ ਉਸਦੇ ਦਰਦ ਨੂੰ ਸੁਣਦੇ ਹਨ। ਵਿਸ਼ਵਾਮਿੱਤਰ ਫੈਸਲਾਕੁੰਨ ਭੂਮਿਕਾ ਨਿਭਾਉਂਦਾ ਹੈ। ਅਹਿਲਿਆ ਦੀ ਮਹਿਮਾਨਨਿਵਾਜ਼ੀ, ਮਾਣ-ਸਤਿਕਾਰ ਅੱਗੇ ਲਛਮਣ ਦਾ ਚਰਨ ਸਪਰਸ਼ ਆਦਿ ਵੇਰਵੇ ਵੀ ਮਿਲਦੇ ਹਨ। ਫਿਰ ਕਥਾ ਬਦਲਦੀ ਹੈ। ਸਮਾਜ ਤੰਤਰ; ਪੁਰਸ਼ ਕੇਂਦਰਿਤ ਰਹਿੰਦਾ ਹੈ। ਨਾਟਕ ਦੇ ਆਧਾਰ ਸਰੋਤ ਲਈ ਚੁਣੀਆਂ ਗਈਆਂ ਤਿੰਨ ਉਪ ਕਥਾਵਾਂ; ਰੂਪਾਂਤਰਤ ਹੋ ਨਾਰੀ ਮਨ ਦਾ ਸੂਖਮ ਵਿਸ਼ਲੇਸ਼ਣ ਕਰਦੀਆਂ ਹਨ। ਇਹ ਵਿਸ਼ਲੇਸ਼ਣਾਤਮਕ ਪਹੁੰਚ ਉਸ ਧਾਰਨਾ 'ਤੇ ਵੀ ਕਾਟਾ ਫੇਰਦੀ ਹੈ ਕਿ ਨਾਰੀ ਹੀ 'ਨਾਰੀ ਭੇਦ' ਨੂੰ ਸਮਝ ਸਕਦੀ ਹੈ। ਅਸਲ ਵਿਚ ਸਿਰਜਕ 'ਲਿੰਗਕ ਵੰਡ' ਤੋਂ 'ਵੱਡਾ' ਹੁੰਦਾ ਹੈ। ਅਤੇ ਲਿਖ਼ਤ ਉਸ ਤੋਂ ਵੀ 'ਵੱਡੀ'। 'ਲੂਣਾ' ਨੇ ਸ਼ਿਵ ਨੂੰ ਵੱਡਾ ਬਣਾਇਆ ਹੈ। ਇੱਥੇ 'ਲੂਣਾ' ਦਾ ਹਵਾਲਾ ਹੀ ਯਾਦ ਕਿਉਂ ਆਇਆ; ਅਹਿਲਿਆ ਬਾਰੇ ਵੀ ਇਹੋ ਜਿਹੀ ਨਾਟ-ਗੱਲ ਹੋਈ ਹੈ ਤਾਂ ਕਰਕੇ। ਡਾ ਸਰਬਜੀਤ ਦੇ ਸ਼ਬਦਾਂ ਵਿਚ: *"ਮਿਥ ਦਾ ਆਪਣਾ ਸਿਰਜਿਆ ਹੋਇਆ ਸੰਸਾਰ ਹੁੰਦਾ ਹੈ ਪਰੰਤੂ ਜਦੋਂ ਉਸਨੇ ਵਰਤਮਾਨ ਵਿੱਚ ਆਉਣਾ ਹੁੰਦਾ ਹੈ ਤਾਂ ਉਸ ਨੇ ਸੱਭਿਆਚਾਰ ਦੇ ਰਸਤਿਓਂ ਆਉਣਾ ਹੁੰਦਾ ਹੈ। ਅਹਿਲਿਆ ਦੀ ਮਿੱਥ ਭਾਰਤੀ ਹੈ ਪ੍ਰੰਤੂ ਜਦੋਂ ਉਹ ਨਾਟਕੀ ਰੂਪਾਂਤਰਨ ਪ੍ਰਾਪਤ ਕਰਦੀ ਹੈ ਤਾਂ ਉਸ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਮਹਿਕ ਆਉਣ ਲੱਗਦੀ ਹੈ। ਸਵਰਾਜਬੀਰ ਦੇ ਸਿਰਜੇ ਹੋਏ ਦ੍ਰਿਸ਼ ਪੰਜਾਬੀ ਸੱਭਿਆਚਾਰ ਦੀ ਨੇੜਤਾ ਵਾਲੇ ਹਨ।"*[15] ਇਹ ਵਿਸ਼ਲੇਸ਼ਣ ਅੰਤਰ-ਅਨੁਸ਼ਾਸਨੀ ਹੈ। ਮਿੱਥ; ਤਿਲਕਵੀਂ ਹੁੰਦੀ ਹੈ। ਸਵਰਾਜਬੀਰ 'ਤਿਲਕਣਬਾਜ਼ੀ' ਦੀ ਫਿਸਲਣ ਤੋਂ ਬਚਣਾ ਜਾਣਦਾ ਹੈ।

## ਸਮਾਜ 'ਤੇ ਕਾਬਜ਼: ਸਿਆਸੀ-ਤੰਤਰ

ਇਤਿਹਾਸ ਦਾ ਅਨੁਭਵ ਸਿੱਧ ਕਰਦਾ ਹੈ ਕਿ ਸੱਤਾਧਾਰੀ ਵਰਗ ਭੌਤਿਕ ਸਾਧਨਾਂ 'ਤੇ ਕਾਬਜ਼ ਹੋਣ ਦੇ ਨਾਲ ਵਿਚਾਰ, ਕਲਾ, ਸਾਹਿਤ, ਸੰਗੀਤ, ਲੋਕ ਧਰਮ ਆਦਿ ਨੂੰ ਵੀ ਆਪਣੇ ਅਧੀਨ ਕਰਨ ਦੀ ਪੂਰੀ ਵਾਹ ਲਾਉਂਦਾ ਹੈ। ਧਾਰਮਿਕ ਆਗੂ ਜਾਂ ਕਿਸੇ ਰਚਨਾ ਦਾ ਰਚਨਹਾਰ ਵੀ ਸਿਆਸਤ ਦਾ ਨੁਮਾਇੰਦਾ ਹੋ ਸਕਦਾ ਹੈ। ਬ੍ਰਹਮਾ, ਗੌਤਮ, ਵਾਲਮੀਕ, ਸੋਮਦੇਵ ਭੱਟ ਆਦਿ ਪੁਰਸ਼ ਕੇਂਦਰ ਨਾਲ ਬੱਝ ਕੇ ਅਹਿਲਿਆ ਦੀ ਉਸਾਰੀ ਕਰਦੇ ਹਨ। ਜਿੱਥੇ ਉਹ ਵੰਗਾਰਦੀ ਹੈ; ਉਸ ਨੂੰ ਘੇਰ ਲਿਆ ਜਾਂਦਾ ਹੈ। ਪਰ ਸਵਰਾਜਬੀਰ ਨਾਰੀ ਦੀ ਅਜ਼ਾਦਾਨਾ ਸਮਾਜਕ ਹੋਂਦ ਨੂੰ ਤਰਜੀਹ ਦੇ ਕੇ ਥਾਂ ਥਾਂ ਸਵਾਲ ਖੜ੍ਹੇ ਕਰਦਾ ਹੈ। ਪਥਰਾਈ ਅਹਿਲਿਆ ਇਨ੍ਹਾਂ ਸਾਰਿਆਂ ਨਾਲ ਸੁਆਲ-ਜਵਾਬ ਕਰਦੀ ਹੈ; ਇਹ ਨਾਟਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਸੋਮਦੇਵ ਭੱਟ ਨੂੰ ਦਿੱਤੇ ਜਵਾਬ ਪੜ੍ਹਨਯੋਗ ਹਨ: *"ਮੈਂ?.. ਤੂੰ ਮੈਨੂੰ ਨਹੀਂ ਪਛਾਣਦਾ...? ਨਾਰੀ ਹਾਂ ਮੈਂ ..ਮੋਹ ਤੇ ਮਮਤਾ ਦੀ ਮਿੱਟੀ ਦੀ ਬਣੀ ... ਜਨਣੀ ਤੇ ਕਾਮਨੀ!...ਮੈਂ ਕਿਸੇ ਦਾ ਪ੍ਰਛਾਵਾਂ ਨਹੀਂ.. ਮੇਰੀ ਆਪਣੀ ਹੋਂਦ, ਆਪਣੀ ਹਸਤੀ ਹੈ। ਵਾਹ ... ਪੁਰਸ਼ ਦੀ ਲੀਲਾ...! ਪੁਰਸ਼ ਹੀ ਨਾਰੀ ਨੂੰ ਪੱਥਰ ਬਣਾਏ.. ਤੇ ਪੁਰਸ਼ ਹੀ ਉਸ ਪੱਥਰ ਨੂੰ ਪਿਘਲਾ ਏ..!"*[16] ਪੁਰਸ਼ਤੰਤਰੀ ਲੀਲਾ ਰਾਹੀਂ ਨਾਰੀ ਦਮਨ ਦੇ ਵਿਵਿਧ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਅਹਿਲਿਆ, ਦਰੋਪਦੀ, ਕੁੰਤੀ, ਤਾਰਾ, ਮੰਦੋਦਰੀ ਦਾ ਨਟੀ ਹਵਾਲਾ ਆਇਆ ਹੈ। ਇਹ ਪੰਜੇ ਔਰਤਾਂ ਗਿਆਨਵਾਨ, ਸੱਤਾਧਾਰੀ ਮਰਦਾਂ ਨਾਲ ਵਿਆਹੀਆਂ ਹਨ। ਜਿਨ੍ਹਾਂ ਦੀ ਆਪਣੀ ਕਥਾ ਹੈ। ਨਾਟਕ ਅੰਤਿਕਾ 'ਚ ਵਿਸਤ੍ਰਿਤ ਚਰਚਾ ਸ਼ਾਮਲ ਕੀਤੀ ਗਈ ਹੈ। ਦੇਹ ਵਣ ਦੀ ਕਹਾਣੀ ਅਦੁਭਤ ਹੈ; ਜੀਣ ਅਤੇ ਪਥਰਾਉਣ ਦੀ। ਨਾਟਕ; ਜਟਿਲ ਬਿਰਤਾਂਤ ਨਾਲ ਨਾਰੀ-ਦੁਖਾਂਤ ਦੇ ਕਾਰਣਾਂ ਦੀ ਪੜਚੋਲ ਕਰਦਾ ਹੈ। ਹਾਲਾਂਕਿ *"ਬੀਤੇ ਨੂੰ ਚੇਤੇ ਕਰਨਾ ਬਹੁਤ ਔਖਾ ਹੁੰਦਾ ਏ...ਬੀਤੇ ਦੇ ਪੱਥਰਾਂ 'ਤੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਲੀਕਾਂ ਵਾਹ ਦਿੰਦੇ ਨੇ।"* [17] ਜੋੜ-ਕੁਜੋੜ ਨੂੰ ਤਰੋੜ-ਮਰੋੜ ਕੇ ਪੇਸ਼ ਕਰਨਾ; ਸਮਾਜ ਦੀਆਂ ਗ਼ਾਲਿਬ, ਪ੍ਰਧਾਨ ਸ਼ਕਤੀਆਂ ਦੇ ਹੱਥ ਰਹਿੰਦਾ ਹੈ। ਰਾਜਸੀ ਬਣਤਰ 'ਚ ਫਲੇ ਬੰਦੇ 'ਚੋਂ ਬੰਦਿਆਈ ਵਿਸਰ ਜਾਂਦੀ ਹੈ। ਕਥਾਕਾਰ ਦੀਆਂ ਲਿਖਤਾਂ ਵੀ ਭਾਸ਼ਾਈ-ਸ਼ਾਬਦਿਕ ਆਤੰਕ ਦਾ ਕਾਰਣ ਬਣਦੀਆਂ ਹਨ। ਸੱਚ, ਝੂਠ 'ਚ ਬਦਲ 'ਨਵਾਂ ਸੱਚ' ਹੋ ਜਾਂਦਾ ਹੈ। ਨਾਇਕ, ਅਨਾਇਕ 'ਚ ਤਬਦੀਲ ਹੋ ਜਾਂਦਾ ਹੈ। ਅਤੇ ਹੋਰ ਬਹੁਤ ਕੁਝ। ਅਤੀਤ ਵਿਚ ਹੋਏ ਨਾਰੀ ਅਨਿਆਂ ਨੂੰ ਸਮਝ ਕੇ ਸਮਕਾਲੀ ਪ੍ਰਬੰਧ ਸਮਝਣਾ ਸੌਖਾ ਹੋ ਸਕਦਾ ਹੈ।

## ਨਾਟ-ਮੰਚ 'ਤੇ ਅਹਿਲਿਆ: ਮਹੱਤਵਪੂਰਨ-ਪੱਖ

ਨਾਟਕ, ਸਮੁੱਚ 'ਚ ਮੁਕੰਮਲ ਹੁੰਦਾ ਹੈ। ਮੰਚ-ਪੇਸ਼ਕਾਰੀ ਵਿਸ਼ੇਸ਼ ਪ੍ਰਮੁੱਖਤਾ ਹੈ। ਕਥਾ, ਅਦਾਕਾਰ, ਨਿਰਦੇਸ਼ਕ, ਦਰਸ਼ਕ ਆਦਿ ਨੇ ਮਿਲਕੇ ਨਾਟ-ਪਾਠ ਨੂੰ ਅਰਥ ਦੇਣੇ ਹੁੰਦੇ ਹਨ। ਅਸਲ ਵਿਚ ਹਰ ਮੰਚ-ਪੇਸ਼ਕਾਰੀ 'ਚੋਂ ਨਵਾਂ ਨਾਟਕ ਉਦੈ ਹੁੰਦਾ ਹੈ। ਪ੍ਰਕਾਸ਼ਨ ਪ੍ਰਕ੍ਰਿਆ ਤੋਂ ਪੂਰਵ ਲੇਖਣ-ਮੰਚਣ ਵਿਚ ਤਬਦੀਲੀ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਮੰਚ ਡਿਜ਼ਾਇਨਰ ਕੇਵਲ ਧਾਲੀਵਾਲ ਨੇ ਸਵਰਾਜਬੀਰ ਦੇ ਨਾਟ-ਹੁਨਰ ਨੂੰ ਉਰਜਿਤ ਕੀਤਾ ਹੈ। ਨਾਟਕਕਾਰ-ਨਿਰਦੇਸ਼ਕ ਦੀ ਸੰਕਲਪਗਤ ਪਰਿਭਾਸ਼ਾ ਨੂੰ ਵਿਹਾਰ 'ਚ ਲਿਆਉਂਦੇ ਹੋਏ ਤਜਰਬਾ ਕੀਤੇ ਹਨ। ਦਿਲਚਸਪ ਇਹ ਵੀ ਹੈ ਕਿ 'ਵਣਧਾਰਾ' ਨੂੰ 'ਅਹਿਲਿਆ' ਦੇ ਨਾਮ ਹੇਠ ਪਹਿਲੀ ਵਾਰ ਮੰਚ ਪ੍ਰਦਾਨ ਕੀਤਾ ਗਿਆ। ਇਕੋ ਹੀ ਕਿਰਦਾਰ ਨੂੰ ਮਿਥਿਹਾਸ ਵਿਚ ਤਿੰਨ ਵੱਖ-ਵੱਖ ਕਹਾਣੀਆਂ, ਨਾਟਕੀ ਘਟਨਾਵਾਂ ਵਿਚ ਪੇਸ਼ ਕਰਨਾ; ਨਾਟਕ ਦੀ ਮੰਗ ਹੈ। ਨਿਰਦੇਸ਼ਕ, ਬਜ਼ੁਰਗ ਅਹਿਲਿਆ ਦੇ ਕਿਰਦਾਰ ਲਈ ਪ੍ਰੌੜ ਅਦਾਕਾਰ ਜਤਿੰਦਰ ਕੌਰ, ਜਵਾਨ ਅਹਿਲਿਆ ਵਾਲੇ ਕਿਰਦਾਰ 'ਚ ਮਨਦੀਪ ਘਈ ਅਤੇ ਛੋਟੀ ਅਹਿਲਿਆ ਦੀ ਭੂਮਿਕਾ ਲਈ ਹਰਸ਼ਿਤਾ ਨੂੰ ਚੁਣਦਾ ਹੈ। ਸੰਗੀਤ ਅਤੇ ਨ੍ਰਿਤ ਦੀ ਮਦਦ ਨਾਲ ਦੋ ਦਰਜਨ ਤੋਂ ਵੱਧ ਰੰਗਕਰਮੀ ਮੰਚ-ਮਾਹੌਲ ਸਿਰਜਦੇ ਹਨ। ਵਣ ਦੀ ਪੇਂਟਿੰਗ, ਫੁੱਲਾਂ ਦੀਆਂ ਲੜੀਆਂ, ਪਾਣੀ ਅਤੇ ਅੱਗ ਦੇ ਪ੍ਰਭਾਵ ਲਈ ਪਰਾਤ- ਪ੍ਰਯੋਗ, ਗੀਤ ਸੰਗੀਤ, ਮੰਗਲਾਚਰਨ, ਸੰਕੇਤ, ਰੂਪਕ ਆਦਿ ਜਦ ਮਿਥਿਹਾਸ ਨੂੰ ਸਮਕਾਲ 'ਚ ਰੂਪਾਂਤਰਣ ਕਰਦੇ ਪ੍ਰਤੀਤ ਹੁੰਦੇ ਹਨ ਤਾਂ ਦਰਸ਼ਕ ਅਰਥਾਂ ਤੋਂ ਪਾਰ ਚਲਾ ਜਾਂਦਾ ਹੈ। ਨਾਟ-ਪੜ੍ਹਤ ਵੇਲੇ ਪਾਠਕ ਵੀ ਇਹੋ ਮਹਿਸੂਸਦਾ ਹੈ। ਚਾਰ ਅੰਕਾਂ ਦੇ ਸੱਤ ਦ੍ਰਿਸ਼+ਉਪ-ਸੰਹਾਰ ਵਿਚ ਨਾਰੀ ਤ੍ਰਿਸਕਾਰ, ਸਰਾਪ ਨਾਲ ਜੁੜੇ ਸਵਾਲ ਤੰਗ ਕਰਨ ਲੱਗਦੇ ਹਨ। 'ਸੂਤਰਧਾਰ' ਦਾ ਬਹੁਸੰਦਰਭੀ ਕਾਰਜ ਨਾਟਕੀ ਕਥਾ ਨੂੰ ਅਗਾਂਹ ਤੋਰਦਾ ਜਾਂਦਾ ਹੈ। ਅਤੇ ਦੇਰ ਦੇ ਵਣ 'ਚ ਵਹਿਣ ਵਾਲੀ ਅਹਿਲਿਆ' ਨਵੀਂ ਨਾਟ-ਭਾਸ਼ਾ ਨਾਲ ਸਮਾਜ ਨੂੰ ਸੰਬੋਧਤ ਹੁੰਦੀ ਰਹਿੰਦੀ ਹੈ। ਵੱਡੇ ਜਿਗਰੇ ਨਾਲ। ਨਾਟਕ ਸਮਾਪਤੀ ਦੇ ਕਾਵਿ- ਬੋਲਾਂ 'ਚੋਂ ਕੁਝ ਅੰਸ਼ ਪੇਸ਼:-

*ਵੇਖੋ...ਪੁਰਸ਼ ਦੀ ਲੀਲਾ../ਕਿਸੇ ਨੇ ਵਣ ਵਿਚ ਭਟਕਾਇਆ/ਕਿਸੇ ਨੇ ਪੱਥਰ ਬਣਾਇਆ/...ਮੈਨੂੰ ਬਾਤ ਬਣਾ ਦਿੱਤਾ/ਤਨ ਮਨ ਵਿਚ ਵਗਦੀ/ਪੌਣ ਸਾਂ ਮੈਂ/ਮੈਨੂੰ ਪਥਰਾਅ ਦਿੱਤਾ/ਵਣਧਾਰਾ ਸਾਂ ਮੈਂ/ਮੈਨੂੰ ਪਥਰਾਈ ਹੋਈ ਰਾਤ ਬਣਾ ਦਿੱਤਾ..*[18]

*ਹਰ ਕਥਾ ਵਿਚ ਹਾਂ ਤੇ ਕਥਾ ਤੋਂ ਬਾਹਰ ਹਾਂ/ਧੜਕਦੀ ਹੋਈ ਪਤਝੜ, ਮਚਲਦੀ ਹੋਈ ਬਹਾਰ ਹਾਂ/ਮੇਰੇ ਅੰਦਰ ਹਜ਼ਾਰਾਂ, ਸਹਸ੍ਰ ਨਿੰਘ, ਹਜ਼ਾਰਾਂ ਠਾਰਾਂ/ਰੀਝਾਂ, ਸੁਗੰਧੀਆਂ, ਉਮੰਗਾਂ ਦੀਆਂ ਕਾਂਗਾਂ/---ਮੈਂ ਕਦੇ ਪੂਰੀ, ਕਦੇ ਅਣ-ਪੂਰੀ /ਮੈਨੂੰ ਕੋਈ ਪਥਰਾਅ ਨਾ ਸਕਦਾ/ਮੈਂ ਕਥਾ ਦੇ ਅੰਦਰ ਹਾਂ / ਮੈਨੂੰ ਕੋਈ ਪਥਰਾਅ ਨਾ ਸਕਦਾ/ਮੈਂ ਕਥਾ ਦੇ ਅੰਦਰ ਹਾਂ ਤੇ ਕਥਾ ਤੋਂ ਬਾਹਰ ਹਾਂ/ਮੈਂ ਜੀਉਂਦੀ ਜਾਗਦੀ ਨਾਰ ਹਾਂ – ਜੀਉਂਦੀ ਜਾਗਦੀ ਗਦੀ ਨਾਰ ਹਾਂ.. ਮੈਂ*[19]

*ਹਰ ਵਾਰ, ਪੁਰਸ਼ ਹੀ ਬਣੇ ਕਥਾਕਾਰ?/ਕੀ ਨਾਰੀ ਆਪਣੀ ਕਥਾ ਕਹਿ ਨਹੀਂ ਸਕਦੀ?/ਕੀ ਉਹ ਨਹੀਂ ਬਣ ਸਕਦੀ ਸੂਤਰਧਾਰ...?*[20]

ਸਮਾਪ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਵਰਾਜਬੀਰ ਨੇ ਆਪਣੇ ਨਾਟਕ 'ਵਣਧਾਰਾ' ਰਾਹੀਂ ਭਾਰਤੀ ਮਿਥਿਹਾਸਕ ਪਰੰਪਰਾ ਵਿੱਚ ਦਬਾ ਦਿੱਤੀ ਗਈ ਨਾਰੀ-ਆਵਾਜ਼ ਨੂੰ ਨਵਾਂ ਬੌਧਿਕ ਅਤੇ ਰੰਗਮੰਚੀ ਪ੍ਰਵਚਨ ਪ੍ਰਦਾਨ ਕੀਤਾ ਹੈ। ਨਾਟਕਕਾਰ ਨੇ 'ਅਹਿਲਿਆ' ਦੇ ਰੂੜ੍ਹੀਵਾਦੀ ਬਿਰਤਾਂਤ ਦੀਆਂ ਪਰਤਾਂ ਫਰੋਲਦਿਆਂ ਇਹ ਸਿੱਧ ਕੀਤਾ ਹੈ ਕਿ ਕਿਵੇਂ ਧਰਮ-ਤੰਤਰ ਅਤੇ ਪੁਰਸ਼-ਸੱਤਾ ਨੇ ਗਿਆਨ ਅਤੇ ਭਾਸ਼ਾ 'ਤੇ ਕਾਬਜ਼ ਹੋ ਕੇ ਔਰਤ ਦੀ ਹੋਂਦ ਨੂੰ ਮਹਿਜ ਵਸਤੂ ਜਾਂ 'ਪੱਥਰ' ਤੱਕ ਸੀਮਤ ਕਰ ਦਿੱਤਾ ਸੀ। ਅਹਿਲਿਆ ਦਾ ਪੁਰਸ਼-ਨਿਰਮਿਤ ਸਮਾਜਿਕ ਫਰੇਮ ਵਿੱਚੋਂ ਬਾਹਰ ਆ ਕੇ ਆਪਣੀ ਕਥਾ ਆਪ ਕਹਿਣਾ ਅਤੇ ਸਵਾਲ ਪੁੱਛਣਾ, ਸਦੀਆਂ ਤੋਂ ਚਲੀ ਆ ਰਹੀ ਖ਼ਾਮੋਸ਼ੀ ਨੂੰ ਤੋੜਦਾ ਹੈ। ਮੰਚ ਉੱਤੇ ਅਹਿਲਿਆ ਦੇ ਤਿੰਨ ਵੱਖ-ਵੱਖ ਜੀਵਨ-ਪੜਾਵਾਂ ਦਾ ਚਿਤਰਨ ਅਤੇ ਸੂਤਰਧਾਰ ਦੀ ਨਿਵੇਕਲੀ ਵਰਤੋਂ ਨਾਟਕ ਨੂੰ ਮਹਿਜ਼ ਮਿਥਿਹਾਸਕ ਗਾਥਾ ਦੀ ਬਜਾਏ ਸਮਕਾਲੀ ਨਾਰੀ-ਸੰਵੇਦਨਾ ਦਾ ਜੀਵੰਤ ਦਸਤਾਵੇਜ਼ ਬਣਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਸਵਰਾਜਬੀਰ, ਵਣਧਾਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025, ਪੰਨਾ: 37*
2. *ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਪਹਿਲੀ ਜਿਲਦ, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, ਪੰਨੇ: 94-95*
3. *ਸਵਰਾਜਬੀਰ, ਵਣਧਾਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025, ਪੰਨਾ: 126*
4. *-ਉਹੀ-, ਪੰਨਾ: 38*
5. *-ਉਹੀ-, ਪੰਨਾ: 76*
6. *-ਉਹੀ-, ਪੰਨਾ: 45*
7. *-ਉਹੀ-, ਪੰਨਾ: 67*
8. *-ਉਹੀ-, ਪੰਨੇ: 74-75*
9. *-ਉਹੀ-, ਪੰਨਾ: 97*
10. *-ਉਹੀ-, ਸਫ਼ਾ /109*
11. *-ਉਹੀ-, ਪੰਨਾ: 54*
12. *ਡਾ. ਜਗਜੀਤ ਸਿੰਘ (ਸੰਪਾਦਕ), ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਬਲਵੰਤ ਪ੍ਰਕਾਸ਼ਨ, ਜਲੰਧਰ, ਪੰਨਾ: 226*
13. *ਸਵਰਾਜਬੀਰ, ਵਣਧਾਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025, ਪੰਨਾ: 94*
14. *-ਉਹੀ-, ਪੰਨਾ: 16*
15. *-ਉਹੀ-, ਪੰਨਾ: 34*
16. *-ਉਹੀ-, ਪੰਨਾ: 108*
17. *-ਉਹੀ-, ਪੰਨਾ: 39*

18. -ਉਹੀ-, ਪੰਨਾ: 110
19. -ਉਹੀ-, ਪੰਨਾ: 111
20. -ਉਹੀ-, ਪੰਨਾ: 113

***Cite this Article-***

*ਡਾ. ਚੰਦਰ ਪ੍ਰਕਾਸ਼ (Dr. Chander Parkash), ਦੇਹ ਵਣ ਦੀ ਨਾਟ-ਧਾਰਾ: ਵਣਧਾਰਾ (Deh Vann Di Nat-Dhara: Vandhara), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 47-51.*

*Journal URL:* www.armaan.org.in

*DOI:* https://doi.org/10.64119/armaan.vol.4.issue1.09

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/